# ਮੌਤ ਦਾ ਪੰਜੀਕਰਣ ਕਿਸ ਤਰ੍ਹਾਂ ਕਰਵਾਈਏ

## ਪੰਜੀਕਰਣ ਕਰਨ ਵਾਲੇ ਦਫ਼ਤਰ ਕਿੱਥੇ ਕਿੱਥੇ ਹਨ

| | |
|---|---|
| **ਐਬਿੰਗਡਨ (Abingdon)** | Roysse Court, Bridge Street |
| **ਬੈਨਬਰੀ (Banbury)** | Bodicote House, Bodicote |
| **ਬਾਈਸੈਸਟਰ (Bicester)** | The Garth, Launton Road |
| **ਡਿਡਕੋਟ (Didcot)** | 197 Broadway |
| **ਹੇਨਲੇਅ (Henley)** | Regatta Court, Northfield End |
| **ਆਕਸਫੋਰਡ (Oxford)** | 1 Tidmarsh Lane |
| **ਆਕਸਫੋਰਡ (Oxford)** | John Radcliffe Hospital |
| **ਵਾਂਟੇਜ਼ (Wantage)** | Civic Centre, Portway |
| **ਵਿਟਨੇਅ (Witney)** | Council Offices, Woodgreen |

ਆਸਫੋਰਡ ਪੰਜੀਕਰਨ ਆਫਿਸ ਸੋਮਵਾਰ ਤੋਂ ਵੀਰਵਾਰ ਤੱਕ ਸਵੇਰੇ 9.00 ਵਜੇ ਤੋਂ ਦੁਪਹਿਰ 4.30 ਵਜੇ ਤਕ ਖੁੱਲ੍ਹਦਾ ਹੈ, ਅਤੇ ਸ਼ੁਕਰਵਾਰ ਨੂੰ ਇਹ ਸਵੇਰੇ 9.00 ਵਜੇ ਤੋਂ ਦੁਪਹਿਰ 4.00 ਵਜੇ ਤਕ ਖੁੱਲ੍ਹਾ ਰਹਿੰਦਾ ਹੈ। ਰਜਿਸਟਰਾਰਾਂ ਦੀ ਬਾਕੀ ਦਫ਼ਤਰਾਂ ਵਿਚ ਮੌਜੂਦਗੀ ਮੁਲਾਕਾਤ ਦਾ ਸਮਾਂ, ਹੋਰ ਜਾਣਕਾਰੀ ਜਾਂ ਸਲਾਹ ਵਾਸਤੇ ਫੋਨ ਕਰੋ : **0845 129 5900**, ਇਸ ਤੋਂ ਇਲਾਵਾ ਤੁਸੀਂ ਆਪਣੇ ਆਪ ਵੀ ਮੁਲਾਕਾਤ ਦਾ ਸਮਾਂ ਔਨ ਲਾਈਨ ਹੀ ਉਪਰ ਤੈਅ ਕਰ ਸਕਦੇ ਹੋ, ਇਸ ਸਾਈਟ *www.oxfordshire.gov.uk* ਉਪਰ ਜਾ ਕੇ deaths ਪੰਜੀਕਰਣ ਵਾਲੇ ਵਰਗ ਵਿਚ ਜਾਉ।

**ਇਸ ਛਪੇ ਹੋਏ ਪਰਚੇ ਨੂੰ ਵਿਸ਼ੇਸ਼ ਮੰਗ ਉਪਰ ਹੋਰ ਕਿਸੇ ਰੂਪ ਵਿਚ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ। ਇਹ ਪਰਚਾ ਕਿਸੇ ਹੋਰ ਭਾਸ਼ਾ, ਵੱਡੇ ਪ੍ਰਿੰਟ, ਬ੍ਰੇਲ ਆਡਿਓ ਕੈਸਟ, ਕੰਪਿਊਟਰ ਡਿਸਕ ਜਾਂ ਈ-ਮੇਲ ਦੇ ਤੌਰ ਤੇ ਵੀ ਮੌਜੂਦ ਹੈ। ਕਿਰਪਾ ਕਰਕੇ ਇਸ ਸਬੰਧ ਵਿਚ ਫੋਨ ਕਰਨ ਲਈ**

**ਨੰਬਰ : 0845 129 5900**

*100 ਫੀਸਦੀ ਦੋਬਾਰਾ ਵਰਤਿਆ ਜਾ ਰਿਹਾ ਕਾਗਜ*
*ਜਿਸ ਉਪਰ ਸਬਜੀਆਂ ਦੇ ਅਧਾਰਿਤ ਰੰਗਾਂ ਨਾਲ ਛਪਾਈ ਕੀਤੀ ਗਈ।*

*ਤਿਆਰ ਕੀਤਾ ਗਿਆ :* ਆਕਸਫੋਰਡ ਸ਼ਾਇਰ ਕਾਉਂਟੀ ਕਾਉਂਸਿਲ ਡਿਜ਼ਾਇਲ ਐਂਡ ਪ੍ਰਿੰਟ ਯੁਨਿਟ, ਤੁਹਾਡੀਆਂ ਡਿਜ਼ਾਇਨ ਅਤੇ ਛਪਾਈ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਕ ਤੇਜ ਅਤੇ ਪ੍ਰਭਾਵੀ ਸੇਵਹਾ ਪ੍ਰਦਾਨ ਕਰਨ ਵਾਲਾ
ਫੋਨ : (01865) 815672 • ਫੈਕਸ : (01865) 204 309
C126-04 (06/07)



## ਮੌਤ ਦਾ ਪੰਜੀਕਰਣ

ਜੇਕਰ ਮੌਤ ਦੇ ਕਾਰਨਾਂ ਦੀ ਜਾਂਚ ਨਹੀਂ ਚੱਲ ਰਹੀ ਤਾਂ ਮੌਤ ਦਾ ਪੰਜੀਕਰਣ ਮੌਤ ਤੋਂ ਪੰਜ ਦਿਨਾਂ ਤੇ ਅੰਦਰ ਅੰਦਰ ਕਰਵਾਇਆ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਕਿਸੇ ਅਜਿਹੇ ਆਦਮੀ ਦੀ ਮੌਤ ਦਾ ਪੰਜੀਕਰਣ ਕਰਵਾ ਰਹੇ ਹੋ ਜਿਸਦੀ ਮੌਤ ਆਕਸਫੋਰਡ ਸ਼ਾਇਰ ਵਿਚ ਹੋਈ ਹੈ ਤਾਂ ਤੁਹਾਨੂੰ ਕਾਉਂਟੀ ਦੇ ਕਿਸੇ ਵੀ ਪੰਜੀਕਰਣ ਆਫਿਸ ਵਿਚ ਇਸ ਸਬੰਧੀ ਜਾਣਕਾਰੀ ਦਰਜ ਕਰਵਾਉਣ ਲਈ ਹਾਜ਼ਰ ਹੋਣਾ ਪਵੇਗਾ। ਤੁਸੀਂ ਉਸ ਕਿਸੇ ਵੀ ਆਫਿਸ ਵਿਚ ਜਾ ਸਕਦੇ ਹੋ ਜੋ ਕਿ ਤੁਹਾਡੇ ਲਈ ਸਭ ਤੋਂ ਨੇੜੇ ਜਾਂ ਸੁਵਿਧਾਜਨਕ ਹੈ। (ਇਸ ਸਬੰਧ ਵਿਚ ਜ਼ਿਆਦਾ ਜਾਣਕਾਰੀ ਲਈ ਪਰਚੇ ਦੇ ਪਿਛਲੇ ਪਾਸੇ ਦੇਖੋ)

ਸਭ ਤੋਂ ਪਹਿਲਾਂ ਤੁਹਾਨੂੰ ਮਿਲਣ ਦਾ ਸਮਾਂ ਹਾਸਲ ਕਰਨ ਲਈ ਹੈਲਪਲਾਈਨ ਉਪਰ ਫੋਨ ਕਰਨਾਂ ਪਵੇਗਾ। ਇਸ ਲਈ ਫੋਨ ਨੰਬਰ ਹੈ : **0845 129 5900.** ਹੈਲਪਲਾਈਨ ਦਾ ਸਟਾਫ਼ ਤੁਹਾਡੇ ਲਈ ਮੁਲਾਕਾਤ ਦੇ ਸਮੇਂ ਦਾ ਪ੍ਰਬੰਧ ਕਰਕੇ, ਤੁਹਾਨੂੰ ਸੂਚਿਤ ਕਰਨਗੇ ਕਿ ਤੁਹਾਨੂੰ ਮੁਲਾਕਾਤ ਕਰਨ ਲਈ ਜਾਣ ਵੇਲੇ ਆਪਣੇ ਨਾਲ ਕੀ ਕੀ ਲੈ ਕੇ ਜਾਣਾ ਪਵੇਗਾ, ਜਿਸ ਨਾਲ ਤੁਸੀਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇ ਸਕਦੇ ਹੋ ਅਤੇ ਉਹ ਸਾਰਾ ਕੁਝ ਤੁਹਾਡੇ ਲਈ ਸਹਾਇਕ ਹੋਵੇਗਾ।

ਇਸ ਤੋਂ ਇਲਾਵਾ ਤੁਸੀਂ ਆਪਣੇ ਆਪ ਵੀ ਮੁਲਾਕਾਤ ਦਾ ਸਮਾਂ ਔਨ ਲਾਈਨ ਹੀ *www.oxfordshire.gov.uk* ਉਪਰ ਤੈਅ ਕਰ ਸਕਦੇ ਹੋ, ਇਸ ਸਾਈਟ ਉਪਰ ਜਾ ਕੇ deaths ਪੰਜੀਕਰਣ ਵਾਲੇ ਵਰਗ ਵਿਚ ਜਾਉ।

ਜੇਕਰ ਮੌਤ ਆਕਸਫੋਰਡ ਰੈਡਕਿਲਫ਼ ਹਸਪਤਾਲਾਂ ਵਿਚੋਂ ਕਿਸੇ ਇਕ ਵਿਚ ਹੋਈ ਹੋਈ ਹੈ ਤਾਂ, ਤੁਸੀਂ ਬੀਰੇਵਮੇਂਟ (ਮੌਤ) ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹੋ,ਜੋ ਕਿ ਜਾੱਨ ਰੈਡਕਿਲਫ ਹਸਪਤਾਲ ਵਿਚ ਹੀ ਮੌਤ ਦੇ ਪੰਜੀਕਰਣ ਵਾਸਤੇ ਮੁਲਾਕਾਤ ਦਾ ਸਮਾਂ ਬੁੱਕ ਕਰਵਾ ਦੇਣਗੇ।

## ਮੌਤ ਦਾ ਪੰਜੀਕਰਣ ਕੌਣ ਕਰਵਾ ਸਕਦਾ ਹੈ ?

ਮਰਨ ਵਾਲੇ ਦਾ ਕੋਈ ਵੀ ਰਿਸ਼ਤੇਦਾਰ ਪੰਜੀਕਰਣ ਕਰਵਾ ਸਕਦਾ ਹੈ।

## ਜੇਕਰ ਕੋਈ ਵੀ ਰਿਸ਼ਤੇਦਾਰ ਮੌਜੂਦ ਨਹੀਂ ਹੈ ਤਾਂ ਕੌਣ ਮੌਤ ਦਾ ਪੰਜੀਕਰਣ ਕਰਵਾ ਸਕਦਾ ਹੈ ?

- ਕੋਈ ਵੀ ਉਹ ਆਦਮੀ ਜੋ ਮੌਤ ਵੇਲੇ ਮੌਜੂਦ ਹੋਵੇਗ
- ਉਸ ਜਗ੍ਹਾ ਦਾ ਮਾਲਿਕ ਜਿਥੇ ਆਦਮੀ ਦੀ ਮੌਤ ਹੋਈ
- ਉਹ ਆਦਮੀ ਜੋ ਅੰਤਿਮ ਸੰਸਕਾਰ ਦਾ ਪ੍ਰਬੰਧ ਕਰਦਾ ਹੈ।

## ਮਰਨ ਵਾਲੇ ਆਦਮੀ ਅਤੇ ਮੌਤ ਸਬੰਧੀ ਰਜਿਸਟਰਾਰ ਕਿਸ ਤਰ੍ਹਾਂ ਦੀ ਜਾਣਕਾਰੀ ਮੰਗ ਸਕਦਾ ਹੈ ?

- ਮੌਤ ਦੀ ਤਾਰੀਖ ਅਤੇ ਜਗ੍ਹਾ
- ਉਸਦਾ ਪੂਰਾ ਨਾਮ ਅਤੇ ਜਾਂ ਕੋਈ ਹੋਰ ਨਾਮ ਜਿਸ ਨਾਲ ਸਾਰੇ ਉਸਨੂੰ ਜਾਣਦੇ ਹੋਣ (ਕਿਸੇ ਅਜਿਹੀ ਔਰਤ ਦਾ ਵਿਚਕਾਰਲਾ ਨਾਮ ਜੋ ਕਿ ਵਿਆਹੀ ਹੋਈ ਹੋਵੇ)
- ਉਸ ਆਦਮੀ ਦੀ ਜਨਮ ਤਾਰੀਖ ਅਤੇ ਜਨਮ ਸਥਾਨ ਦਾ ਪਤਾ
- ਉਸਦਾ ਰੁਜ਼ਗਾਰ (ਜੇਕਰ ਵਿਆਹਿਆ ਹੋਇਆ, ਵਿਧਵਾ ਜਾਂ ਇਕ ਸਿਵਿਲ ਪਾਰਟਨਰ ਹੋਵੇ, ਤਾਂ ਮਰਨ ਵਾਲੇ ਦੇ ਜੀਵਨਸਾਥੀ ਜਾਂ ਸਿਵਿਲ ਪਾਰਟਨਰ ਦਾ ਪੂਰਾ ਨਾਮ ਅਤੇ ਰੁਜ਼ਗਾਰ ਦਾ ਵੇਰਵਾ)
- ਉਨ੍ਹਾਂ ਦਾ ਤਾਜ਼ਾ ਪਤਾ
- ਕੀ ਉਹ ਪਬਲਿਕ ਸੈਕਟਰ ਪੈਨਸ਼ਨ ਹਾਸਲ ਕਰ ਰਹੇ ਸਨ ? (ਜੇਕਰ ਪਤਾ ਹੋਵੇ ਤਾਂ ਰੈਫਰੈਂਸ ਨੰਬਰ)
- ਬਚੇ ਹੋਏ ਜੀਵਨਸਾਥੀ ਜਾਂ ਸਿਵਿਲ ਪਾਰਟਨਰ ਦੀ ਜਨਮ ਤਾਰੀਖ
- ਉਸਦਾ ਐਨਐਚਐਸ ਨੰਬਰ ਜਾਂ ਮੈਡੀਕਲ ਕਾਰਡ, ਜੇਕਰ ਮੌਜੂਦ ਹੋਵੇ।

## ਜੇਕਰ ਮੇਰੇ ਕੋਲ ਇਹ ਸਾਰੀ ਜਾਣਕਾਰੀ ਨਹੀਂ ਹੈ ਤਾਂ ਕੀ ਹੋਵੇਗਾ ?

ਤੁਸੀਂ ਆਪਣੀ ਜਾਣਕਾਰੀ ਅਤੇ ਭਰੋਸੇ ਅਨੁਸਾਰ ਜਿੰਨੀ ਜਾਣਕਾਰੀ ਹੋਵੇ, ਉਸਨੂੰ ਜ਼ਰੂਰਤ ਅਨੁਸਾਰ ਦੇਵੋ। ਜੇਕਰ ਤੁਹਾਡੇ ਕੋਲ ਸਾਰੇ ਤੱਥਾਂ ਬਾਰੇ ਜਾਣਕਾਰੀ ਨਹੀਂ ਹੈ ਤਾਂ, ਕਿਰਪਾ ਕਰਕੇ ਇਸ ਸਬੰਧ ਵਿਚ ਮੁਲਾਕਾਤ ਲਈ ਸਮਾਂ ਹਾਸਲ ਕਰਨ ਲਈ ਕੀਤੇ ਗਏ ਫੋਨ ਦੌਰਾਨ ਹੀ ਦਸ ਦੇਵੋ ਅਤੇ ਉਸ ਸਬੰਧ ਵਿਚ ਤੁਹਾਨੂੰ ਸਲਾਹ ਦੇ ਦਿੱਤੀ ਜਾਵੇਗੀ।

## ਇਹ ਮੁਲਾਕਾਤ ਕਿੰਨੇ ਸਮੇਂ ਦੀ ਹੁੰਦੀ ਹੈ ?

ਰਜਿਸਟਰਾਰ ਨਾਲ ਤੁਹਾਡੀ ਮੁਲਾਕਾਤ ਨਿੱਜੀ ਰੂਪ ਵਿਚ ਹੁੰਦੀ ਹੈ ਅਤੇ ਇਸ ਵਿਚ ਵਧ ਤੋਂ ਵੱਧ 30 ਮਿੰਟ ਦਾ ਸਮਾਂ ਲਗਦਾ ਹੈ।

## ਕੀ ਪ੍ਰਮਾਣਪੱਤਰ ਜਾਰੀ ਕੀਤਾ ਜਾਂਦਾ ਹੈ ?

- ਇਕ ਪ੍ਰਮਾਣਪੱਤਰ ਦਫਨਾਏ ਜਾਣ ਸਬੰਧੀ ਜਾਂ ਅੰਤਿਮ ਸੰਸਕਾਰ ਦਾ ਦਿੱਤਾ ਜਾਂਦਾ ਹੈ। (ਜਿਸਨੂੰ ਹਰਾ ਫਾਰਮ ਵੀ ਕਿਹਾ ਜਾਂਦਾ ਹੈ) ਜੋ ਕਿ ਫਿਊਨਰਲ ਡਾਇਰੈਕਟਰ ਨੂੰ ਚਾਹੀਦਾ ਹੁੰਦਾ ਹੈ।
- ਇਸ ਪ੍ਰਮਾਣਪੱਤਰ ਬੈਨੀਫਿਟ ਏਜੰਸੀ ਲਈ (ਤੁਹਾਨੂੰ ਇਹ ਚੰਗੀ ਤਰ੍ਹਾਂ ਭਰ ਕੇ ਸਬੰਧਿਤ ਵਿਭਾਗ ਨੂੰ ਵਾਪਸ ਭੇਜ ਦਿੱਤੀ ਜਾਵੇਗੀ ਜਾਂ ਕਿ ਮਰਨ ਵਾਲੇ ਆਦਮੀ ਦੇ ਨਾਮ ਜਾਰੀ ਹੋਣ ਵਾਲੇ ਸਟੇਟ ਪੈਨਸ਼ਨ ਅਤੇ ਹੋਰ ਸਰਕਾਰੀ ਭੱਤੇ ਬੰਦ ਹੋ ਸਕਣ)
- ਮੌਤ ਪ੍ਰਮਾਣਪੱਤਰ – ਤੁਹਾਨੂੰ ਹੋਰ ਕਿਸੇ ਉਦੇਸ਼ ਲਈ ਮੌਤ ਦੇ ਪ੍ਰਮਾਣਪੱਤਰ ਦੀਆਂ ਹੋਰ ਪ੍ਰਮਾਣਤ ਨਕਲਾਂ ਦੀ ਜ਼ਰੂਰਤ ਹੋ ਸਕਦੀ ਹੈ, ਜੋ ਕਿ ਮੌਤ ਐਂਟਰੀ ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ (ਜਿਵੇਂ ਕਿ ਵਸੀਅਤ, ਵਾਰਿਸ, ਬੈਂਕ ਖਾਤੇ, ਬੀਮਾ ਆਦਿ ਲਈ)। ਇਹ ਪ੍ਰਮਾਣਪੱਤਰ ਬਹੁਤ ਮਾਮੂਲੀ ਫੀਸ ਦੇ ਬਦਲੇ ਜਾਰੀ ਕੀਤੇ ਜਾਂਦੇ ਹਨ।

## ਜੇਕਰ ਮੌਤ ਦੇ ਕਾਰਨਾਂ ਦੀ ਜਾਂਚ ਚੱਲ ਰਹੀ ਹੋਵੇ ?

ਮੌਤ ਦੇ ਕਾਰਨਾਂ ਦੀ ਜਾਂਚ ਕਰਨ ਵਾਲਾ ਅਧਿਕਾਰੀ ਤੁਹਾਨੂੰ ਦਸ ਦੇਵੇਗਾ ਕਿ ਹੁਣ ਕੀ ਕਰਨਾ ਚਾਹੀਦਾ ਹੈ।

## ਉਸ ਵੇਲੇ ਕੀ ਹੋਵੇਗਾ ਜੇਕਰ ਮੌਤ ਦਾ ਮਾਮਲਾ ਜਾਂਚ ਕਰਨ ਵਾਲੇ ਅਧਿਕਾਰੀ ਕੋਲ ਭੇਜ ਦਿੱਤਾ ਜਾਂਦਾ ਹੈ ?

ਜਾਂਚ ਕਰਨ ਵਾਲਾ ਅਧਿਕਾਰੀ ਜਾਂ ਰਜਿਸਟਰਾਰ ਤੁਹਾਨੂੰ ਸਲਾਹ ਦੇਵੇਗਾ ਕਿ ਕੀ ਕਰਨਾ ਚਾਹੀਦਾ ਹੈ।

## ਜੇਕਰ ਮੈਂ ਆਕਸਫੋਰਡ ਰਜਿਸਟਰੇਸ਼ਨ ਆਫਿਸ ਵਿਚ ਮੌਤ ਦਾ ਪੰਜੀਕਰਣ ਨਹੀਂ ਕਰਵਾ ਪਾਉਂਦਾ ਤਾਂ ਕੀ ਹੋਵੇਗਾ ?

ਹੈਲਪਡੈਸਕ ਦੇ ਫੋਨ ਨੰਬਰ **0845 129 5900** ਉਪਰ ਫੋਨ ਕਰੋ, ਉਹ ਤੁਹਾਨੂੰ ਲੋੜੀਂਦੀ ਸਲਾਹ ਦੇਣਗੇ।

ਇਹ ਪਰਚਾ ਆਮ ਤੌਰ ਤੇ ਸਿਰਫ਼ ਦਿਸ਼ਾ ਨਿਰਦੇਸ਼ ਦੇਣ ਲਈ ਜਾਰੀ ਕੀਤਾ ਗਿਆ ਹੈ, ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।

## ਟਿੱਪਣੀਆਂ ਅਤੇ ਸ਼ਿਕਾਇਤਾਂ

ਅਸੀਂ ਆਪਣੇ ਗਾਹਕਾਂ ਜਾਂ ਸੇਵਾਵਾਂ ਹਾਸਲ ਕਰਨ ਵਾਲਿਆਂ ਤੋਂ ਟਿੱਪਣੀਆਂ ਦਾ ਸਵਾਗਤ ਕਰਦੇ ਹਾਂ, ਉਹ ਚਾਹੇ ਚੰਗੀਆਂ ਹੋਣ ਜਾਂ ਨਿਖੇਧੀ ਵਾਲੀਆਂ, ਅਸੀਂ ਉਨ੍ਹਾਂ ਦਾ ਉਪਯੋਗ ਆਪਣੀਆਂ ਸੇਵਾਵਾਂ ਵਿਚ ਜਿੰਨਾ ਸੰਭਵ ਹੋ ਸਕੇ ਉਨ੍ਹੇ ਸੁਧਾਰ ਲਈ ਕਰੇਗਾ। ਜੇਕਰ ਤੁਹਾਨੂੰ ਕੋਈ ਟਿੱਪਣੀ ਜਾਂ ਸ਼ਿਕਾਇਤ ਕਰਨੀ ਹੈ ਤਾਂ ਕਿਰਪਾ ਕਰਕੇ ਸੰਪਰਕ ਕਰੋ :
The Superintendent Registrar, Oxford Register Office, 1 Tidmarsh Lane, Oxford, OX1 1NS
ਜਾਂ ਈ-ਮੇਲ ਕਰੋ : *registeroffice@oxfordshire.gov.uk*